# ਦਫਤਰ ਜਿਲ੍ਹਾ ਸਿਖਿਆ ਅਫਸਰ (ਸੈ.ਸਿ) ਅੰਮ੍ਰਿਤਸਰ

ਈ.ਮੇਲ: deoseexamasr@gmail.com ਫੋਨ ਅਤੇ ਫੈਕਸ ਨੰਬਰ: 0183-2225896

ਵੈਬ ਸਾਈਟ ਰਾਹੀ

ਵੱਲ

ਤੁਰੰਤ ਅਤੀ ਜ਼ਰੂਰੀ

ਸਮੂਹ ਸਕੂਲ ਮੁਖੀ,
ਜਿਲਾ ਅੰਮ੍ਰਿਤਸਰ।

ਮੀਮੋ ਨੰ: ਸਟੈਨੋ-ਜਿਸਿਅ/2017-107
ਮਿਤੀ 5-04-17

ਵਿਸ਼ਾ: **ਦਸਵੀ / ਬਾਰਵੀ ਪ੍ਰੀਖਿਆ ਲਈ ਮੂਲਅੰਕਣ ਕੇਦਰਾਂ ਤੇ ਲਗਾਈਆਂ ਡਿਊਟੀਆਂ ਤੋ ਗੈਰ ਹਾਜ਼ਰ ਰਹਿਣ ਸਬੰਧੀ।**

ਹਵਾਲਾ: **ਇਸ ਦਫਤਰ ਦੇ ਪੱਤਰ ਨੰ: ਸਟੈਨੋ-ਜਿਸਿਅ/2017-95 ਮਿਤੀ 29-03-17 ਦੀ ਲਗਾਤਾਰਤਾ ਵਿਚ।**

ਉਪਰੋਕਤ ਵਿਸੇ ਤੇ ਹਵਾਲਾ ਅਧੀਨ ਪੱਤਰ ਸਬੰਧੀ ਆਪ ਨੂੰ ਲਿਖਿਆ ਗਿਆ ਸੀ ਕਿ ਜਿਹੜੇ ਅਧਿਆਪਕਾਂ ਦੀ ਡਿਊਟੀ ਮੂਲਅੰਕਣ ਕੇਦਰਾਂ ਵਿਚ ਲਗੀ ਹੈ, ਉਨਾਂ ਨੂੰ ਫਾਰਗ ਕਰਕੇ ਅਲਾਟ ਕੀਤੇ ਮੂਲਅੰਕਣ ਕੇਦਰਾਂ ਵਿਚ ਭੇਜਿਆ ਜਾਵੇ। ਪਰ ਬੜੇ ਅਫਸੋਸ ਨਾਲ ਲਿਖਣਾ ਪੈ ਰਿਹਾ ਹੈ ਕਿ ਹਾਲੇ ਵੀ ਕਈ ਸਕੂਲ ਮੁਖੀਆਂ ਵਲੋ ਸਬੰਧਤਾਂ ਨੂੰ ਫਾਰਗ ਕਰਕੇ ਉਨਾਂ ਦੇ ਡਿਊਟੀ ਵਾਲੇ ਸਥਾਨ ਤੇ ਨਹੀ ਭੇਜਿਆ ਜਾ ਰਿਹਾ। ਵਿਭਾਗ ਵਲੋਂ ਇਸ ਸਬੰਧੀ ਸਖਤ ਪੱਤਰ ਪ੍ਰਾਪਤ ਹੋਇਆ ਹੈ, ਜਿਸ ਵਿਚ ਉਨਾਂ ਨੇ ਇਸ ਕੰਮ ਨੂੰ ਪਹਿਲ ਦਿੰਦੇ ਹੋਏ ਇਸ ਕਾਰਜ ਨੂੰ ਛੇਤੀ ਨਿਪਟਾਉਣ ਦੇ ਹੁਕਮ ਕੀਤੇ ਹਨ। ਅਤੇ ਉਨਾਂ ਨੇ ਕਿਸੇ ਨੂੰ ਪ੍ਰੀਖਿਆ ਡਿਊਟੀ ਤੋ ਛੋਟ ਨਾਂ ਦੇਣ ਦੀ ਹਦਾਇਤ ਕੀਤੀ ਹੈ। ਇਸ ਲਈ ਜਿਹੜੇ ਅਧਿਆਪਕਾਂ ਨੇ ਆਪਣੀ ਡਿਊਟੀ ਤੋ ਛੋਟ ਸਬੰਧੀ ਇਸ ਦਫਤਰ ਨਾਲ ਸੰਪਰਕ ਕੀਤਾ ਹੈ, ਉਨਾਂ ਨੂੰ ਰੱਦ ਕਰਦੇ ਹੋਏ ਹਦਾਇਤ ਕੀਤੀ ਜਾਂਦੀ ਹੈ ਕਿ ਉਹ ਆਪਣੀ ਡਿਊਟੀ ਵਾਲੇ ਸਥਾਨ ਤੇ ਤੁਰੰਤ ਹਾਜ਼ਰ ਹੋਣ। ਮੁਖੀ ਵੀ ਇਸ ਨੂੰ ਯਕੀਨੀ ਬਣਾਉਣ ਕਿ ਉਨਾਂ ਅਧਿਆਪਕਾਂ ਨੂੰ ਤੁਰੰਤ ਫਾਰਗ ਕਰਕੇ ਡਿਊਟੀ ਵਾਲੇ ਸਥਾਨ ਤੇ ਭੇਜਣਾ ਯਕੀਨੀ ਬਣਾਉਣ। ਹੁਣ ਇਕ ਆਖਰੀ ਮੌਕਾ ਦਿੰਦੇ ਹੋਏ ਹਦਾਇਤ ਕੀਤੀ ਜਾਂਦੀ ਹੈ ਕਿ ਜੇਕਰ ਹੁਣ ਵੀ ਡਿਊਟੀ ਤੇ ਲਗੇ ਕਰਮਚਾਰੀ ਆਪਣੀ ਡਿਊਟੀ ਤੇ ਹਾਜ਼ਰ ਨਹੀ ਹੁੰਦੇ ਤਾਂ ਇਹ ਸਮਝ ਲਿਆ ਜਾਵੇਗਾ ਕਿ ਉਹ ਜਾਣ ਬੁਝ ਕੇ ਡਿਊਟੀ ਪ੍ਰਤੀ ਅਣਗਹਿਲੀ ਵਿਖਾ ਰਹੇ ਹਨ ਅਤੇ ਉਨਾਂ ਵਿਰੁਧ ਸਖਤ ਕਾਰਵਾਈ ਲਈ ਉਨਾਂ ਦੇ ਨਾਂ ਮਾਨਯੋਗ ਡਾਇਰੈਕਟਰ ਜਨਰਲ ਸਕੂਲ ਸਿਖਿਆ ਪੰਜਾਬ ਜੀ ਨੂੰ ਕਾਰਵਾਈ ਲਈ ਭੇਜ ਦਿੱਤੇ ਜਾਣਗੇ। ਜਿਸ ਲਈ ਸਬੰਧਤ ਅਤੇ ਉਸ ਸਕੂਲ ਦਾ ਮੁਖੀ ਜਿੰਮੇਵਾਰ ਹੋਵੇਗਾ ਅਤੇ ਨਿਕਲਣ ਵਾਲੇ ਸਿਟਿਆ ਲਈ ਉਹ ਖੁਦ ਜਿੰਮੇਵਾਰ ਹੋਣਗੇ। ਇਸ ਲਈ ਡਿਊਟੀ ਵਾਲੇ ਕਰਮਚਾਰੀ ਨੂੰ ਤੁਰੰਤ ਫਾਰਗ ਕਰਕੇ ਮੂਲਅੰਕਣ ਕੇਦਰਾਂ ਵਿਚ ਯਕੀਨੀ ਬਣਾਇਆ ਜਾਵੇ। ਡਿਊਟੀ ਤੋ ਛੋਟ ਸਬੰਧੀ ਇਸ ਦਫਤਰ ਨਾਲ ਬਿਲਕੁਲ ਸੰਪਰਕ ਨਾਂ ਕੀਤਾ ਜਾਵੇ। ਜਿਹੜੇ ਅਧਿਆਪਕ ਪ੍ਰੈਕਟੀਕਲ ਡਿਊਟੀਆਂ ਤੇ ਹਨ, ਉਹ ਅੱਜ ਹੀ ਆਪਣੀ ਡਿਊਟੀ ਬਾਰੇ ਸਬੰਧਤ ਮੂਲਅੰਕਣ ਕੇਦਰ ਨੂੰ ਦਸਣਗੇ ਅਤੇ ਡਿਊਟੀ ਸਮਾਪਤੀ ਤੋ ਬਾਅਦ ਆਪਣੀ ਹਾਜ਼ਰੀ ਸਬੰਧਤ ਮੂਲਅੰਕਣ ਕੇਦਰ ਵਿਚ ਦੇਣਗੇ।

05.04.17

ਜ਼ਿਲਾ ਸਿਖਿਆ ਅਫਸਰ (ਸੈ.ਸਿ),
ਅੰਮ੍ਰਿਤਸਰ।

ਪਿੱਠ ਅੰਕਣ ਨੰ: ਸਮ

ਉਤਾਰਾ ਹੇਠ ਲਿਖਿਆ ਨੂੰ ਸੂਚਨਾਂ ਤੇ ਯੋਗ ਕਾਰਵਾਈ ਹਿਤ ਭੇਜਿਆ ਜਾਂਦਾ ਹੈ:

1- ਮਾਨਯੋਗ ਡਾਇਰੈਕਟਰ ਜਨਰਲ ਸਕੂਲ ਸਿਖਿਆ, ਪੰਜਾਬ, ਐਸ ਏ ਐਸ ਨਗਰ
2- ਨੋਡਲ ਅਫਸਰ-ਕਮ-ਜਿਲਾ ਸਾਇੰਸ ਸੁਪਾਵਾਈਜ਼ਰ।
3- ਸਕੱਤਰ, ਪੰਜਾਬ ਸਕੂਲ ਸਿਖਿਆ ਬੋਰਡ, ਐਸ ਏ ਐਸ ਨਗਰ।
4- ਸਬੰਧਤ ਮੂਲਅੰਕਣ ਕ੍ਰੇਦਰਾਂ ਦੇ ਕੁਆਰਡੀਨੇਟਰਾਂ ਨੂੰ ਭੇਜ ਕੇ ਹਦਾਇਤ ਕੀਤੀ ਜਾਂਦੀ ਹੈ ਕਿ ਆਪਣੇ ਪੱਧਰ ਤੇ ਕਿਸੇ ਨੂੰ ਡਿਊਟੀ ਤੋ ਛੋਟ ਅਤੇ ਮੂਲਅੰਕਣ ਕੇਦਰ ਬਦਲਣ ਦੀ ਆਗਿਆ ਨਹੀ ਹੈ।ਇਸ ਲਈ ਉਕਤ ਪੱਤਰ ਰਾਹੀ ਉਨਾਂ ਨੂੰ ਪਾਬੰਧ ਕੀਤਾ ਗਿਆ ਹੈ ਕਿ ਉਹ ਆਪਣੀ ਡਿਊਟੀ ਤੇ ਹਾਜ਼ਰ ਹੋਣ। ਅੱਜ ਤੋ ਬਾਅਦ ਜੇਕਰ ਹਾਲੇ ਵੀ ਉਹ ਆਪਣੀ ਡਿਊਟੀ ਤੇ ਹਾਜ਼ਰ ਨਹੀ ਹੁੰਦੇ ਤਾਂ ਗੈਰ ਹਾਜ਼ਰ ਕਰਮਚਾਰੀਆਂ ਦੇ ਨਾਂ ਸ਼ਾਮ ਨੂੰ ਹੀ ਇਸ ਦਫਤਰ ਦੀ ਮੇਲ ਤੇ ਸੂਚੀ ਅਪਲੋਡ ਕੀਤੀ ਜਾਵੇ ਤਾਂ ਜੋ ਉਨਾਂ ਵਿਰੁਧ ਸਖਤ ਕਾਰਵਾਈ ਲਈ ਵਿਭਾਗ ਨੂੰ ਲਿਖਿਆ ਜਾਵੇ। ਰੋਜ਼ਾਨਾ ਚੈਕ ਕੀਤੇ ਪੇਪਰਾਂ ਦੀ ਰਿਪੋਰਟ ਨੋਡਲ ਅਫਸਰ ਨੂੰ ਭੇਜਣਾ ਯਕੀਨੀ ਬਣਾਇਆ ਜਾਵੇ।

05.04.17

ਜ਼ਿਲਾ ਸਿਖਿਆ ਅਫਸਰ (ਸੈ.ਸਿ),
ਅੰਮ੍ਰਿਤਸਰ।